# ਧੁਰ ਕੀ ਬਾਣੀ ਵਿਚ ਗੁਰੂ ਨਾਨਕ ਸਾਹਿਬ: ਦਰਸ ਤੇ ਜੁਗਤ

**ਡਾ. ਮੁਹੱਬਤ ਸਿੰਘ**

ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
✆ 9779738585

ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਇਕ ਪਰਮ ਰੱਬੀ ਅਸਲੇ ਨਾਲ ਜੋੜਿਆ। ਉਸ ਅਸਲੇ ਨਾਲ ਇਨਸਾਨੀਅਤ ਨੂੰ ਨਿਰੰਤਰ ਜੋੜਨ ਲਈ ਸਿੱਖ ਪੰਥ ਦੀ ਬੁਨਿਆਦ ਰਚੀ। ਸਿੱਖੀ ਦੀ ਵਿਲੱਖਣਤਾ ਇਸ ਦਾ ਮੀਰੀ ਪੀਰੀ ਵਾਲਾ ਸੁਭਾਅ ਬਣਿਆ, ਜਿਸ ਦੀ ਗੁੜ੍ਹਤੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਪਵਿਤਰ ਬਾਣੀ ਦੁਆਰਾ ਦਿਤੀ। ਗੁਰੂ ਨਾਨਕ ਦੇਵ ਜੀ ਨੇ 'ਧੁਰ ਕੀ ਬਾਣੀ' ਦੁਆਰਾ ਨਾ ਕੇਵਲ ਇਕ ਪਰਮ ਸੱਚ ਅਕਾਲ ਪੁਰਖ ਨਾਲ ਜੋੜਿਆ ਬਲਕਿ ਉਸ ਪਰਮ ਸੱਚ ਦੇ ਪਰਮ ਗੁਣਾਂ ਨਿਰਭਉ ਤੇ ਨਿਰਵੈਰ ਆਦਿ ਨੂੰ ਆਪਣੇ ਸਿੱਖਾਂ ਦੇ ਧੁਰ ਅੰਦਰ ਟਿਕਾ ਦਿੱਤਾ। ਸਮੁੱਚਾ ਸਿੱਖ ਇਤਿਹਾਸ ਇਸ ਦੀ ਸ਼ਾਹਦੀ ਭਰਦਾ ਹੈ।

ਗੁਰੂ ਨਾਨਕ ਸਾਹਿਬ ਦਾ ਅਗੰਮੀ ਦਰਸ ਉਨ੍ਹਾਂ ਦੁਆਰਾ ਉਚਾਰੀ 'ਧੁਰ ਕੀ ਬਾਣੀ' ਵਿਚੋਂ ਝਲਕਦਾ ਹੈ। 'ਧੁਰ ਕੀ ਬਾਣੀ' ਕਰਤੇ ਦੇ ਬੋਲ ਹਨ ਜੋ ਕਰਤਾ ਤੇ ਗੁਰੂ ਦੀ ਅਭੇਦਤਾ ਵਿਚੋਂ ਪ੍ਰਗਟ ਹੋਏ ਹਨ। 'ਧੁਰ ਕੀ ਬਾਣੀ' ਸਿੱਖ ਲਈ ਸ਼੍ਰੋਮਣੀ ਹੈ, ਗੁਰੂ ਕੀ ਬਾਣੀ ਹੈ, ਗੁਰਬਾਣੀ ਹੈ ਜੋ ਕਰਤੇ ਨਾਲ ਜੋੜਦੀ ਹੈ। ਇਹ ਬਾਣੀ ਜੀਵ ਅੰਦਰ ਕਰਤੇ ਦੇ ਅਨੰਤ, ਅਨਾਦੀ ਤੇ ਵਿਸਮਾਦੀ ਰੰਗ ਪੈਦਾ ਕਰਦੀ ਹੈ। ਇਹ ਬਾਣੀ ਸ਼ਬਦ ਰੂਪ ਹੈ, ਗੁਰੂ ਨਾਨਕ ਜੋਤਿ ਦੀ ਸ਼ਬਦ ਰੂਪ ਬਾਣੀ ਸਿੱਖ ਲਈ 'ਸ਼ਬਦ ਗੁਰੂ' ਹੈ। ਗੁਰੂ ਨਾਨਕ 'ਸ਼ਬਦ ਗੁਰੂ' ਰੂਪ ਜਦੋਂ ਸਿੱਖ ਦੀ ਸੁਰਤਿ ਵਿਚ ਟਿਕਦੇ ਹਨ ਤਾਂ ਪੂਰਨ ਜੁਗਤਿ ਉਜਾਗਰ ਹੁੰਦੀ ਹੈ: ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ।। (ਪੰਨਾ 522)। ਗੁਰੂ ਨਾਨਕ ਸਾਹਿਬ ਦਾ ਬਿੰਬ ਸਾਖੀਆਂ ਵਿਚ ਜਨ-ਮਾਨਸ ਦੀ ਪਹੁੰਚ ਵਾਲਾ ਹੈ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਉਨ੍ਹਾਂ ਦਾ ਦਰਸ ਅਚਰਜਤਾ ਭਰਪੂਰ ਹੈ ਜੋ ਸੂਰਜ ਵਤ ਅਗਿਆਨਤਾ ਦੀ ਧੁੰਧ ਨੂੰ ਜੀਵ ਦੇ ਜ਼ਿਹਨ ਤੋਂ ਬੇਪਰਦ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਉਸ ਅਕਾਲ ਪੁਰਖ ਦੀ ਸੰਗਿਆ ੧ੴ ਦੇ ਰੂਪ ਵਿਚ ਦਿੱਤੀ। ਉਹ ੧ੴ ਸਭ ਦਾ ਸਾਂਝਾ ਹੈ, ਉਹ ਕਿਸੇ ਇਕ ਮਜ਼ਹਬ ਜਾਂ ਮਤ ਦਾ ਨਹੀਂ ਬਲਕਿ ਸਭ ਦਾ ਸਾਂਝਾ ਹੈ। ਉਹ ਕਿਸੇ ਇਕ ਨਸਲ, ਕੌਮ ਜਾਂ ਮਨੁੱਖੀ ਸਮੂਹ ਦਾ ਰੱਬ ਵੀ ਨਹੀਂ ਬਲਕਿ ਉਹ ਸਭ ਦਾ ਸਾਂਝਾ ਹੈ (ਤੂੰ ਸਾਝਾ ਸਾਹਿਬੁ ਬਾਪੁ ਹਮਾਰਾ।।)। ਉਹ ੧ੴ ਕੇਵਲ ਕਿਸੇ ਵਿਲੋਕਤਰੀ ਸ਼ਕਤੀ ਦੀ ਪ੍ਰਤੀਨਿਧਤਾ ਵੀ ਨਹੀਂ ਕਰਦਾ ਸਗੋਂ ਉਹ ਸਰਬ ਸ਼ਕਤੀਆਂ ਦਾ ਮਾਲਕ ਮਾਰਨ ਵਾਲਾ ਵੀ ਆਪ ਹੈ, ਪਾਲਨ ਵਾਲਾ ਵੀ ਆਪ ਹੈ ਅਤੇ ਪੈਦਾ ਕਰਨ ਵਾਲਾ ਵੀ ਆਪ ਹੈ। ਉਸ ਉਪਰ ਕਿਸੇ ਦਾ ਹੁਕਮ ਨਹੀਂ ਚਲਦਾ ਬਲਕਿ ਸਭ ਉਸ ੧ੴ ਦੇ ਹੁਕਮ ਵਿਚ ਹਨ (ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ।।)। ਉਹ ਆਦਿ ਜੁਗਾਦਿ ਤੋਂ ਸਚ ਸਰੂਪ ਹੈ ਅਤੇ ਹਮੇਸ਼ਾ ਹੀ ਸਚ ਰਹਿੰਦਾ ਹੈ ਤੇ ਸਦੀਵ ਰਹੇਗਾ ਕਿਉਂਕਿ ਕਾਲ ਉਸ ਦੇ ਅਧੀਨ ਹੈ, ਉਹ ਮੁੱਢ ਰਹਿਤ, ਅਬਿਨਾਸ਼ੀ ਸੱਤਾ ਹੈ। ਉਹ ੧ੴ ਜੀਵ ਨੂੰ ਆਪਣੀ ਮਿਹਰ ਦੁਆਰਾ ਆਪਣੇ ਵਿਚ ਅਭੇਦ ਕਰਨ ਦੇ ਸਮਰਥ ਹੈ ਅਤੇ ਆਪਣਾ ਹੀ ਰੂਪ ਬਣਾਉਣ ਵਾਲਾ ਹੈ। ਗੁਰੂ ਨਾਨਕ ਦੇਵ ਜੀ ਨੇ ਸੋਝੀ ਦਿਤੀ ਕਿ ਜੀਵ ਦੀ ਹਸਤੀ ਮਾਇਆਵੀ ਝੂਠ ਨਾਲ ਜੁੜ ਕੇ ਭਟਕਦੀ ਹੈ ਪਰ ਗੁਰੂ ਨਾਲ ਪਿਆਰ ਕੀਤਿਆਂ ਜੀਵ ਉਸ ਅਕਾਲ ਪੁਰਖ ਨਾਲ ਸਹਿਜ ਰੂਪ ਵਿਚ ਇਕਮਿਕ ਹੋ ਜਾਂਦਾ ਹੈ, ਜਿਵੇਂ ਬੂੰਦ ਸਮੁੰਦਰ ਵਿਚ ਮਿਲ ਕੇ ਅਭੇਦ ਜਾਂਦੀ ਹੈ। ਇਹ ਇਕਮਿਕਤਾ ਮੌਤ ਤੋਂ ਬਾਅਦ ਨਹੀਂ ਬਲਕਿ ਜਿਉਂਦੇ ਜੀਅ ਹਾਸਿਲ ਹੋ ਜਾਂਦੀ ਹੈ। ਸਿੱਖੀ ਵਿਚ ਇਸ ਅਵਸਥਾ ਨੂੰ 'ਜੀਵਨ ਮੁਕਤ' ਆਖਿਆ ਹੈ। ਇਸ ਮੰਜ਼ਿਲ ਨੂੰ ਹਾਸਿਲ ਕਰਨ ਲਈ ਨਾ ਕਿਸੇ ਸ੍ਰੇਸ਼ਟ ਕੁਲ, ਗੂੜ੍ਹ ਗਿਆਨ ਜਾਂ ਕਠਿਨ ਸਾਧਨਾਵਾਂ ਦੀ ਲੋੜ ਹੈ ਸਗੋਂ ਕੋਈ ਵੀ ਜਨ ਸਧਾਰਨ (ਪੜਿਆ ਅਣਪੜਿਆ) ਜਿਹੜਾ ਵਾਹਿਗੁਰੂ ਨੂੰ ਸੱਚੀ ਪ੍ਰੀਤ ਕਰਦਾ ਹੈ, ਉਸ ਨੂੰ ਸਿਮਰਦਾ ਹੈ ਤੇ ਗੁਰੂ ਦੇ ਦਰਸਾਏ ਰਸਤੇ ਉਪਰ ਤੁਰਦਾ ਹੈ, ਉਹ 'ਜੀਵਨ ਮੁਕਤ' ਹੋ ਜਾਂਦਾ ਹੈ। ਉਹ 'ਜੀਵਨ ਮੁਕਤ' ਜਿਥੇ ਆਪ ਗੁਰਪ੍ਰਸਾਦੀ ਪੰਜ ਵਿਕਾਰਾਂ ਨੂੰ ਵਸ ਕਰ ਲੈਂਦਾ ਹੈ ਅਤੇ ਡੋਲਦਾ ਨਹੀਂ ਉਥੇ ਉਹ ਕੇਵਲ ਆਪ ਪਾਰ ਨਹੀਂ ਹੁੰਦਾ ਸਗੋਂ ਉਹ ਕਈ ਸੰਗੀਆਂ ਨੂੰ ਵੀ ਤਾਰ ਦਿੰਦਾ ਹੈ: *ਆਪਿ ਤਰੈ ਸੰਗਤਿ ਕੁਲ ਤਾਰੇ।।* (ਪੰਨਾ 353)। ਗੁਰੂ ਨਾਨਕ ਸਾਹਿਬ ੧ੴ ਦਾ ਜੋ ਰਾਹ ਰੁਸ਼ਨਾਉਂਦੇ ਹਨ, ਉਹ ਸਾਂਝਾ ਭਰਪੂਰ, ਨਿਮਾਣਿਆਂ ਨਿਤਾਣਿਆਂ ਦੀ ਬੰਦ ਖਲਾਸੀ ਕਰਨ ਵਾਲਾ ਅਤੇ ਜੀਵਨ ਮੁਕਤੀ ਦੇਣ ਵਾਲਾ ਹੈ।


**www.sanvad.org**
ISSN : 2395-1273

ਗੁਰੂ ਨਾਨਕ ਦੇਵ ਜੀ ਦੀ ਦ੍ਰਿਸ਼ਟੀ ਵਿਚ ਮਨੁੱਖ ਨਾ ਮੁੱਢੋਂ ਮੂਲੋਂ ਪਾਪੀ ਹੈ, ਨਾ ਹੀ ਉਸ ਦੀ ਮੂਲ ਹਸਤੀ ਰੱਬ ਤੋਂ ਅਡਰੀ ਹੈ। ਨਾ ਹੀ 'ਮਨੁੱਖੀ ਜਨਮ' ਕੋਈ ਸਰਾਪ ਹੈ ਸਗੋਂ ਗੁਰੂ ਨਾਨਕ ਸਾਹਿਬ 'ਮਨੁੱਖੀ ਜਨਮ' ਨੂੰ ਰੱਬ ਦੀ ਮਿਹਰ ਦਰਸਾਉਂਦੇ ਹਨ ਅਤੇ ਮਨੁੱਖ ਦੇ ਚੰਗੇ ਮੰਦੇ ਕਰਮ, ਉਸ ਨੂੰ ਚੰਗਾ ਮੰਦਾ ਬਣਾ ਦਿੰਦੇ ਹਨ। ਸ. ਹਰਬੰਸ ਸਿੰਘ ਗੁਰੂ ਸਾਹਿਬ ਦਾ ਮਨੁੱਖ ਸੰਬੰਧੀ ਦ੍ਰਿਸ਼ਟੀਕੋਣ ਭਾਵਪੂਰਤ ਸ਼ਬਦਾਂ ਵਿਚ ਪੇਸ਼ ਕਰਦੇ ਹੋਏ ਦਰਸਾਉਂਦੇ ਹਨ ਕਿ, "ਗੁਰੂ ਨਾਨਕ ਦੇਵ ਅਨੁਸਾਰ ਮਨੁੱਖ ਅਕਾਲ ਪੁਰਖ ਦੀ ਰਚਨਾ ਹੈ ਅਤੇ ਉਸ ਅਕਾਲ ਪੁਰਖ ਦੀ ਜੋਤ ਉਸ ਵਿਚ ਮੌਜੂਦ ਹੈ। ਕਿਉਂਕਿ ਇਨਸਾਨ ਰੱਬੀ ਵੰਸਜ਼ ਹੈ ਇਸ ਲਈ ਉਹ ਮੂਲ ਰੂਪ ਵਿਚ ਨੇਕ ਹੈ, ਬੁਰਾ ਨਹੀਂ। ਸਿੱਖ ਮਤ ਅਨੁਸਾਰ ਬੁਰਾਈ ਇਨਸਾਨ ਦਾ ਜਮਾਂਦਰੂ ਲੱਛਣ ਨਹੀਂ, ਇਹ ਉਸ ਦੀ ਹਉਮੈ ਤੋਂ ਉਗਮਦੀ ਹੈ ਕਿਉਂਕਿ ਉਹ ਆਪਣੇ ਦੈਵੀ ਸਰੋਤ ਨੂੰ ਭੁੱਲ ਜਾਂਦਾ ਹੈ।" (ਪੰਨਾ 31) ਗੁਰੂ ਨਾਨਕ ਸਾਹਿਬ ਅਨੁਸਾਰ ਮਨੁੱਖ ਹਉਮੈ ਗ੍ਰਸਤ ਹੋ ਕੇ ਆਪਣੇ ਸ਼੍ਰੋਮਣੀ ਅਸਲੇ ਰੱਬ ਨੂੰ ਵਿਸਾਰ ਲੈਂਦਾ ਹੈ ਅਤੇ ਹੁਕਮ ਬਾਹਰਾ ਹੋ ਕੇ ਭਟਕਦਾ ਹੈ। ਮਨੁੱਖ ਦਾ ਜੁੜਨਾ ਤੇ ਭਟਕਣਾ ਵੀ ਰੱਬੀ ਹੁਕਮ ਵਿਚ ਹੈ। ਡਾ. ਜਸਵੰਤ ਸਿੰਘ ਨੇਕੀ ਗੁਰਮਤਿ ਦੇ ਜ਼ਾਵੀਏ ਤੋਂ ਰੱਬੀ ਹੁਕਮ ਵਿਚ ਹਉਮੈ ਦੀ ਵਰਤਦੀ ਵਿਲੱਖਣ ਖੇਡ ਬਾਰੇ ਲਿਖਦੇ ਹਨ ਕਿ "ਇਬਰਾਨੀ ਮਤਾਂ ਵਿਚ ਨੇਕੀ ਦੇ ਮਾਰਗ 'ਤੇ ਰੱਬ ਸਾਨੂੰ ਤੋਰਦਾ ਹੈ ਤੇ ਬਦੀ ਦੇ ਮਾਰਗ 'ਤੇ ਸ਼ੈਤਾਨ ਬਹਿਕਾ ਲਿਜਾਂਦਾ ਹੈ। ਗੁਰਮਤਿ ਵਿਚ ਦੋਨਾਂ ਰਸਤਿਆਂ ਦਾ ਮਾਲਕ ਕੇਵਲ ਵਾਹਿਗੁਰੂ ਆਪ ਹੀ ਹੈ, ਇਸ ਲਈ 'ਹਉਮੈ' ਵੀ ਜੋ ਸਾਨੂੰ ਧਾਤ ਦੇ ਮਾਰਗ 'ਤੇ ਧੱਕ ਲਿਜਾਂਦੀ ਹੈ ਤੇ ਸਾਨੂੰ ਹਰ ਕੁਮਾਰਗ 'ਤੇ ਭਰਮਾਈ ਫਿਰਦੀ ਹੈ, ਉਸ ਦੇ ਹੁਕਮ ਵਿਚ ਹੀ ਸਭ ਕੁਝ ਕਰਦੀ ਹੈ।" (ਪੰਨਾ 44) ਗੁਰੂ ਨਾਨਕ ਦੇਵ ਜੀ ਅਨੁਸਾਰ ਹਉਮੈ ਤੋਂ ਨਿਜਾਤ ਪਾ ਕੇ ਹੀ ਹੁਕਮ ਬੁਝਿਆ ਜਾ ਸਕਦਾ ਹੈ। ਗੁਰੂ ਸਾਹਿਬ ਹਉਮੈ ਨੂੰ 'ਦੀਰਘ ਰੋਗੁ' ਦਰਸਾਉਂਦੇ ਹਨ, ਜਿਸ ਨਾਲ ਇਨਸਾਨ ਆਪਣਾ ਮੂਲ ਭੁਲ ਜਾਂਦਾ ਹੈ। ਗੁਰੂ ਜੀ ਇਸ 'ਦੀਰਘ ਰੋਗੁ' ਤੋਂ ਮੁਕਤੀ ਦੀ ਦਵਾ ਇਸ ਅੰਦਰ ਦਸਦੇ ਹਨ। ਉਨ੍ਹਾਂ ਅਨੁਸਾਰ ਗੁਰੂ ਦੀ ਨਦਰਿ ਰਹਿਮਤ ਦੁਆਰਾ ਸ਼ਬਦ ਦੀ ਕਮਾਈ ਨਾਲ ਹਉਮੈ ਨੂੰ ਬੁੱਝ ਕੇ ਰੱਬੀ ਦਰ ਸੁਝ ਜਾਂਦਾ ਹੈ ਤੇ ਫਿਰ ਹਉਮੈ ਕੁਝ ਨਹੀਂ ਆਖਦੀ। ਗੁਰੂ ਨਾਨਕ ਸਾਹਿਬ ਮਨੁੱਖ ਦੇ ਦੋ ਰੂਪ ਦਰਸਾਉਂਦੇ ਹਨ ਕਿ ਇਕ ਮਨਮੁਖ ਤੇ ਦੂਜਾ ਗੁਰਮੁਖ। ਗੁਰਮੁਖ ਸੱਚ ਦੇ ਰਾਹ ਦਾ ਧਾਰਨੀ ਹੁੰਦਾ ਹੈ ਅਤੇ ਮਨਮੁਖ ਝੂਠ ਦਾ ਪਾਂਧੀ। ਮਨਮੁਖਤਾਈ ਵਿਚ ਨਿੱਜ ਭਾਰੂ ਹੁੰਦਾ ਹੈ ਅਤੇ ਗੁਰਮੁਖਤਾਈ ਵਿਚ ਆਪਾ ਵਾਰਨਾ ਤੇ ਪਰਉਪਕਾਰ ਕਰਨਾ ਸ਼ਾਮਿਲ ਹੁੰਦਾ ਹੈ। ਗੁਰੂ ਨਾਨਕ ਸਾਹਿਬ ਮਨੁੱਖ ਨੂੰ ਗੁਰਮੁਖਤਾਈ ਦਾ ਰਸਤਾ ਅਖਤਿਆਰ ਕਰਨ ਦਾ ਉਪਦੇਸ਼ ਦਿੰਦੇ ਹਨ ਅਤੇ ਹਰ ਮਨੁੱਖ ਨੂੰ ਵਾਰ ਵਾਰ ਆਪਾ ਚੀਨਣ ਦੀ ਤਾਕੀਦ ਕਰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਸਿੱਖੀ ਦੀਆਂ ਪੈੜਾਂ ਆਪਣੇ ਪਾਵਨ ਕਦਮਾਂ ਨਾਲ ਚਲ ਕੇ ਤਿਆਰ ਕੀਤੀਆਂ। ਉਨ੍ਹਾਂ ਸਮੁੱਚੀ ਮਨੁੱਖਤਾ ਨੂੰ ਆਪਣੇ ਨਾਸ਼ਵਾਨ ਸਰੀਰ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਨਮਿਤ ਹਰ ਪਲ ਤਿਆਰ ਰਹਿਣ ਲਈ ਵੀ ਪ੍ਰੇਰਿਆ। ਸਰਬੱਤ ਦੇ ਭਲੇ ਵਿਚ ਹੀ ਸਰਬੱਤ ਦੇ ਮਾਲਕ ਦਾ ਪਿਆਰ ਬਿਰਾਜਮਾਨ ਹੈ। ਗੁਰੂ ਨਾਨਕ ਸਾਹਿਬ ਮਨੁੱਖ ਅੰਦਰ ਸਮਾਜ ਤੇ ਧਰਮ, ਮੀਰੀ ਤੇ ਪੀਰੀ ਦਾ ਸੁਮੇਲ ਸਥਾਪਿਤ ਕਰਦੇ ਹਨ। ਡਾ. ਜਸਬੀਰ ਸਿੰਘ ਆਹਲੂਵਾਲੀਆ ਮੁਤਾਬਿਕ "ਸਿੱਖਮਤਿ ਅਨੁਸਾਰ ਮਨੁੱਖ, ਬਤੌਰ ਜੀਵ ਪਰਮਾਤਮਾ ਦਾ ਅੰਸ਼ ਹੈ ਤੇ ਬਤੌਰ ਵਿਅਕਤੀ ਸਮਾਜ ਦਾ ਅਣੂ ਹੈ। ਮੀਰੀ ਤੇ ਪੀਰੀ ਮਨੁੱਖ ਦੇ ਇਹਨਾਂ ਦੋ ਪੱਖਾਂ ਦੇ ਪ੍ਰਤੀਕ ਹਨ। ਮੀਰੀ-ਪੀਰੀ ਦਾ ਸੁਮੇਲ ਅਥਵਾ ਮਨੁੱਖ ਦੇ ਇਨ੍ਹਾਂ ਦੋਹਾਂ ਪਹਿਲੂਆਂ ਦਾ ਸੰਤੁਲਨ ਉਸ ਨੂੰ ਨੈਤਿਕ ਪੱਧਰ ਤੇ ਚੌਥੇ ਪਦ ਦੀ... ਅਵਸਥਾ ਵਿਚ ਪੁਚਾਂਦਾ ਹੈ"। (ਪੰਨਾ 77)

ਗੁਰੂ ਨਾਨਕ ਦੇਵ ਜੀ ਨੇ ਸਮੁਚੀ ਮਨੁੱਖਤਾ ਅਤੇ ਸਮਾਜ ਅੰਦਰ ਮੌਜੂਦ ਧਰਮ ਦੇ ਸਿਰਮੌਰ ਪਾਂਧੀਆਂ ਨੂੰ ਜੀਵਾਂ ਦੇ ਕਲਿਆਣ ਹਿਤ ਸੰਸਾਰਕ ਨਵਿਰਤੀ ਦੀ ਥਾਂ ਸੇਵਾ ਭਰਪੂਰ ਪਰਵਿਰਤੀ ਦਾ ਮਾਰਗ ਦ੍ਰਿੜ੍ਹ ਕਰਵਾਇਆ। ਗ੍ਰਿਹਸਥ ਜਾਂ ਗ੍ਰਿਹਸਥੀਆਂ ਲੋਕਾਂ ਵਿਚ ਰਹਿੰਦਿਆਂ ਨਿਰਲੇਪ ਹੋਣ ਦੀ ਸਿੱਖਿਆ ਦਿਤੀ। ਆਪ ਨੇ ਸਿੱਖਾਂ ਨੂੰ ਉਹ ਸਬਕ ਬਖਸ਼ਿਆ ਜੋ ਮਨੁੱਖਤਾ ਦੀ ਸੇਵਾ ਦੁਆਰਾ 'ਦਰਗਹ ਬੈਸਣੁ' ਦੇ ਜੋਗ ਬਣਾਉਂਦਾ ਹੈ ਭਾਵ ਮਨੁੱਖ ਦਾ ਲੋਕ ਪਰਲੋਕ ਸੁਹੇਲਾ ਕਰਦਾ ਹੈ। ਗੁਰੂ ਸਾਹਿਬ ਨੇ ਸਭ ਤਰ੍ਹਾਂ ਦੇ ਡਰ ਬੰਧਨਾਂ ਤੋਂ ਨਿਰਭੈ ਹੋਣਾ ਸਿਖਾਇਆ। ਜੋਰ ਜਬਰ ਦੀ ਭਾਸ਼ਾ (ਮਲੇਛ ਭਾਖਿਆ), ਜਬਰੀ ਧਰਮ ਪਰਿਵਰਤਨ (ਹੁਣਿ ਕਹਣਿ ਨ ਮਿਲੈ ਖੁਦਾਇ), ਪਹਿਰਾਵੇ ਦੀ ਗੁਲਾਮੀ (ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ) ਆਦਿ ਅਣਮਨੁੱਖੀ ਵਰਤਾਰਿਆਂ ਦਾ ਵਿਰੋਧ ਕੀਤਾ। ਇਸ ਦੇ ਨਾਲ ਅਣਦਿਸਦੇ ਸੰਸਾਰ ਦੀ ਮੁਕਤੀ ਤੋਂ ਪਹਿਲਾਂ ਹਕੀਕੀ ਜਗਤ ਵਿਚ ਮੁਕਤ ਹੋਣ ਦਾ ਵੱਲ ਸਿਖਾਇਆ। ਸਿੱਖ ਧਰਮ ਦੇ ਮੁਕਤੀ ਬਾਰੇ ਨਿਵੇਕਲੇ ਵਿਚਾਰਾਂ ਦੀ ਚਰਚਾ ਕਰਦੇ ਹੋਏ 'ਸਿੱਖ ਇਨਕਲਾਬ' ਕਿਤਾਬ ਦੇ ਲੇਖਕ ਸ. ਜਗਜੀਤ ਸਿੰਘ ਦਰਸਾਉਂਦੇ ਹਨ ਕਿ ਗੁਰੂ ਸਾਹਿਬਾਨ ਨੇ ਸਿੱਖੀ ਅੰਦਰ "ਸੰਸਾਰ ਤੋਂ ਛੁਟਕਾਰੇ ਦੀ ਬਜਾਏ, ਮੁਕਤੀ ਦਾ ਅਰਥ ਖੁਦਪ੍ਰਸਤੀ, ਖੁਦਗਰਜ਼ੀ ਤੇ ਨਿੱਜਵਾਦ ਤੋਂ ਛੁਟਕਾਰਾ ਕੀਤਾ... {ਅਤੇ} ਮੁਕਤੀ ਨੂੰ ਮਨੁੱਖਤਾ ਦੀ ਸੇਵਾ

ਨਾਲ ਜੋੜ ਦਿਤਾ ਗਿਆ।" (ਪੰਨਾ 101) ਸਿੱਖੀ ਵਿਚ ਮਨੁੱਖਤਾ ਦੀ ਸੇਵਾ ਦਾ ਆਦਰਸ਼ ਮਹਿਜ਼ ਪੜ੍ਹਨ ਮਾਤਰ ਨਹੀਂ ਬਲਕਿ ਉਸ ਨੂੰ ਜਗਤ ਅੰਦਰ ਸੇਵਾ ਰਾਹੀਂ ਅਮਲ ਵਿਚ ਲਿਆਉਣ ਦਾ ਵਿਲੱਖਣ ਸੰਸਥਾਗਤ ਵਿਧਾਨ ਵੀ ਮੌਜੂਦ ਹੈ। ਗੁਰਦੁਆਰਾ, ਸੰਗਤ, ਲੰਗਰ ਤੇ ਪੰਗਤ ਸੰਸਥਾਵਾਂ ਰਾਹੀਂ ਜਗਤ ਅੰਦਰ ਸੇਵਾਦਾਰ ਹੋ ਕੇ ਵਿਚਰਨ ਦਾ ਸਦਾਚਾਰਕ ਵੱਲ ਸਿਖਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਚਿਆਰ ਮਨੁੱਖ ਬਣਨ ਲਈ ਰੱਬੀ ਹੁਕਮ ਵਿਚ ਚਲਣਾ ਪੈਂਦਾ ਹੈ ਪਰ ਉਸ ਅਕਾਲ ਦੇ ਪੁਰਖ ਦੇ ਹੁਕਮ ਦੀ ਤਾਂ ਸਮਝ ਪੈਂਦੀ ਹੈ ਜਦੋਂ ਮਨੁੱਖ ਜੀਵਾਂ ਵਿਚ ਇਕ ਪਰਮਾਤਮਾ ਨੂੰ ਰਮਿਆ ਹੋਇਆ ਵੇਖਦਾ ਹੈ, ਫਿਰ ਮੇਰ-ਤੇਰ ਮਿਟ ਜਾਂਦੀ ਹੈ, ਹਉਮੈ ਕੁਝ ਆਖਦੀ ਨਹੀਂ: ***ਸਰਬ ਜੀਆ ਮਹਿ ਏਕੋ ਜਾਣੈ ਤਾ ਹਉਮੈ ਕਹੈ ਨ ਕੋਈ।।*** (ਪੰਨਾ 432) 'ਜਪੁਜੀ-ਚਿੰਤਨ' ਪੁਸਤਕ ਦਾ ਕਰਤਾ ਗੁਰੂ ਸਾਹਿਬ ਦੇ ਦਰਸਾਏ ਹੁਕਮ ਦੇ ਬੂਝ ਬਾਬਤ ਇਸ਼ਾਰਾ ਦਿੰਦਾ ਹੈ ਕਿ "ਜਿਹੜਾ ਮਨੁੱਖ... ਹੁਕਮ ਨੂੰ ਸਮਝ-ਬੂਝ ਲੈਂਦਾ ਹੈ, ਉਹ ਅਹੰਕਾਰ ਨਹੀਂ ਕਰਦਾ। ਜਿਸ ਵਿਚ ਅਹੰਕਾਰ ਹੈ, ਉਥੇ ਨਿਰੰਕਾਰ ਨਹੀਂ ਅਤੇ ਜਿਸ ਵਿਚ ਨਿਰੰਕਾਰ ਵਸਦਾ ਹੈ ਉਸ ਵਿਚ ਅਹੰਕਾਰ ਨਹੀਂ ਹੁੰਦਾ।" (ਪੰਨਾ 9)

ਗੁਰੂ ਨਾਨਕ ਸਾਹਿਬ ਕੂੜ ਦੀ ਪਾਲ ਨੂੰ ਤੋੜਨ ਲਈ ਸੁੱਚ, ਚੁੱਪ, ਭੁੱਖ (ਵਰਤ) ਤੇ ਸਿਆਣਪਾਂ ਆਦਿ ਧਾਰਨ ਕਰਨ ਨੂੰ ਧਰਮ ਦਾ ਅੰਤਿਮ ਰਾਹ ਨਹੀਂ ਮੰਨਦੇ। ਸਗੋਂ ਇਨ੍ਹਾਂ ਸਭ ਬਾਹਰੀ ਰੁਚੀਆਂ ਨੂੰ ਅਸਮਾਨਤਾਵਾਂ ਸਿਰਜਣ ਵਾਲੀਆਂ ਮੰਨਦੇ ਹਨ ਕਿਉਂ ਜੋ ਇਹ ਸਚਿਆਰਤਾ ਦੇ ਪੰਧ ਵਿਚ ਰੁਕਾਵਟ ਹਨ। ਗੁਰੂ ਨਾਨਕ ਦੇਵ ਜੀ ਬਾਹਰੀ ਸੁੱਚ ਦੀ ਥਾਂ ਅੰਦਰੂਨੀ ਸੁੱਚ ਭਾਵ ਹਿਰਦੇ ਵਿਚ ਸੱਚ ਟਿਕਾਉਣ ਨੂੰ ਤਰਜੀਹ ਦਿੰਦੇ ਹਨ: ***ਕਹੁ ਨਾਨਕ ਸਚੁ ਧਿਆਈਐ।। ਸੁਚਿ ਹੋਵੈ ਤਾ ਸਚੁ ਪਾਈਐ।।*** (472); ***ਮਨੁ ਨਹੀ ਸੂਚਾ ਕਿਆ ਸੋਚ ਕਰੀਜੈ।।*** (ਪੰਨਾ 905)। ਬਾਹਰੀ ਸੁੱਚ ਤਾਂ ਕੋਈ ਵੀ ਧਾਰਨ ਕਰ ਸਕਦਾ ਹੈ। ਦੂਰ ਦੂਰ ਬਿਖਮ ਪੈਂਡੇ ਤੈਅ ਕਰਕੇ ਤੀਰਥਾਂ ਦਾ ਰਟਣ ਕਰਨ ਨਾਲ ਹੰਕਾਰ ਹੀ ਵਧਦਾ ਹੈ। ਬਾਹਰੀ ਸੁੱਚ ਦੇ ਵਿਚਾਰ ਨੇ ਹੀ ਸੁਚ ਭਿਟ, ਊਚ ਨੀਚ ਤੇ ਸੂਤਕ ਪਾਤਕ ਵਰਗੀਆਂ ਬੁਰਾਈਆਂ ਨੂੰ ਜਨਮ ਦਿਤਾ। ਇਸੇ ਪ੍ਰਕਾਰ ਹਠ ਕਰਕੇ ਬੋਲਣ ਤੋਂ ਪਰਹੇਜ਼ ਰਖਣ ਜਾਂ ਖਾਣ/ਪੀਣ ਦਾ ਤਿਆਗ ਕਰਨ ਵਾਲਾ ਆਪਣੇ ਆਪ ਨੂੰ ਸ਼੍ਰੋਮਣੀ ਹੋਣ ਦਾ ਹੰਕਾਰ ਪਾਲ ਲੈਂਦਾ ਹੈ। ਬਹੁਤੀਆਂ ਸਿਆਣਪਾਂ ਵਾਲਾ ਚੁਸਤੀਆਂ ਚਲਾਕੀਆਂ ਨਾਲ ਦੂਜਿਆਂ ਨੂੰ ਠਗਣ ਵਾਲਾ ਬਣ ਜਾਂਦਾ ਹੈ। ਮਨੁੱਖ ਜੀਵਨ ਦੀ ਬਾਜ਼ੀ ਵਿਅਰਥ ਹਾਰ ਜਾਂਦਾ ਹੈ। ਗੁਰਬਾਣੀ ਵਿਚ ਅਜਿਹੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ: ***ਇਕਿ ਨਾਗੇ ਭੂਖੇ ਭਵਹਿ ਭਵਾਏ।। ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ।। ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ।।੧੩।। ਇਕਿ ਤੀਰਥਿ ਨਾਵਹਿ ਅੰਨੁ ਨ ਖਾਵਹਿ।। ਇਕਿ ਅਗਨਿ ਜਲਾਵਹਿ ਦੇਹ ਖਪਾਵਹਿ।। ਰਾਮ ਨਾਮ ਬਿਨੁ ਮੁਕਤਿ ਨ ਹੋਈ ਕਿਤੁ ਬਿਧਿ ਪਾਰਿ ਲੰਘਾਈ ਹੇ।।੧੪।।*** (ਪੰਨਾ 1025) ਪਰਮਾਤਮਾ ਨੇ ਸਰੀਰਕ ਇੰਦ੍ਰੇ ਸਰੀਰ ਦੀਆਂ ਲੋੜਾਂ ਨੂੰ ਲਗਾਏ ਹਨ ਪਰ ਇਨ੍ਹਾਂ ਦਾ ਦਮਨ ਨਹੀਂ ਕੀਤਾ ਜਾ ਸਕਦਾ ਸਗੋਂ ਇਨ੍ਹਾਂ ਨੂੰ ਚੰਗੇ ਪਾਸੇ ਲਗਾਇਆ ਜਾ ਸਕਦਾ ਹੈ। ਮਸਲਨ ਜੇ ਬੋਲਣ ਨੂੰ ਜੀਭ ਮਿਲੀ ਹੈ ਤਾਂ ਭਲਾ ਤੇ ਮਿੱਠਾ ਬੋਲਣਾ ਚਾਹੀਦਾ ਹੈ ਕਿਸੇ ਨਿੰਦਾ ਚੁਗਲੀ ਨਹੀਂ ਕਰਨੀ ਚਾਹੀਦੀ। ਪਾਪ ਹੁੰਦੇ ਵੇਖ ਕੇ ਮੌਨ ਧਾਰਨ ਕਰਨਾ ਧਰਮ ਨਹੀਂ ਅਧਰਮ ਹੈ। ਗੁਰੂ ਨਾਨਕ ਦੇਵ ਜੀ ਨੇ ਬਾਬਰ ਦੁਆਰਾ ਕੀਤੇ ਮਨੁਖੀ ਕਤਲੇਆਮ ਨੂੰ 'ਪਾਪ ਕੀ ਜੰਞ' ਦਾ ਜ਼ੁਲਮ ਭਰਪੂਰ ਕਾਰਨਾਮਾ ਆਖਿਆ। ਇਹ ਦਲੇਰਾਨਾ ਬੋਲ ਉਨ੍ਹਾਂ ਨੇ ਕੇਵਲ ਆਪ ਹੀ ਨਾ ਕਹੇ ਬਲਕਿ ਆਪਣੇ ਹਰ ਸਿੱਖ ਦੇ ਮੁਖੋਂ ਅਖਵਾਏ ਅਤੇ ਅੱਗੋਂ ਵੀ ਸਦੀਵ ਕਾਲ ਲਈ ਆਖੇ ਜਾਣਗੇ।

ਗੁਰੂ ਨਾਨਕ ਦੇਵ ਜੀ ਨੇ ਧਰਮ ਦੀ ਨੁਮਾਇੰਦਗੀ ਕਰਨ ਵਾਲੇ ਅਖੌਤੀ ਆਗੂਆਂ ਨੂੰ ਸਮਝਾਇਆ ਕਿ ਰਾਜਸੀ ਹਿੱਤਾਂ ਜਾਂ ਰਾਜਸੀ ਡਰ ਕਰਕੇ ਧਰਮ ਦੇ ਅਸੂਲ ਨਾ ਛੱਡੋ। ਰਾਜੇ ਜਾਂ ਰਾਜ ਕਦੇ ਵੀ ਸਥਾਈ ਨਹੀਂ ਹੁੰਦੇ ਹਨ ਪਰ ਅਕਾਲ ਪੁਰਖ ਦਾ ਨਾਮ ਸਦਾ ਸੱਚ ਹੈ। ਸਦਾ ਸੱਚ ਨਾਲ ਜੋ ਵੀ ਜੁੜਦਾ ਹੈ, ਉਸ ਦੇ ਸਾਰੇ ਡਰ, ਭਰਮ ਤੇ ਤੌਖਲੇ ਮਿਟ ਜਾਂਦੇ ਹਨ। ਬੁਰਾਈ ਦੇ ਰਾਹ ਉਪਰ ਚੱਲਣ ਵਾਲੇ ਕਿਸੇ ਤਾਕਤਵਰ ਕੋਲ ਭਾਵੇਂ ਹਜ਼ਾਰਾਂ ਸ਼ਕਤੀਆਂ ਵੀ ਹੋਣ ਉਹ ਮਿਥ ਕਹਾਣੀਆਂ ਵਾਂਗ ਵਰ ਤੋਂ ਸਰਾਪ ਬਣ ਜਾਂਦੀਆਂ ਹਨ। ਪਰਮਾਤਮਾ ਕੀੜੇ ਸਮਾਨ ਜਾਣੇ ਜਾਂਦੇ ਲੋਕਾਂ ਨੂੰ ਵੀ ਪਾਤਸ਼ਾਹ ਬਣਾ ਦਿੰਦਾ ਹੈ: ***ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ॥*** (ਪੰਨਾ 144)। ਉਹ ਪਰਮਾਤਮਾ ਪਲ ਵਿਚ ਕੰਗਾਲਾਂ ਨੂੰ ਰਾਜੇ ਤੇ ਰਾਜਿਆਂ ਨੂੰ ਕੰਗਾਲ ਕਰਨ ਵਾਲਾ ਹੈ (***ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ ॥*** (ਪੰਨਾ 537); ***ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ।। ਦਰਿ ਮੰਗਨਿ ਭਿਖ ਨ ਪਾਇਦਾ॥*** (ਪੰਨਾ 472)

ਗੁਰੂ ਨਾਨਕ ਦੇਵ ਜੀ ਨੇ ਜ਼ੁਲਮ ਦੇ ਡਰ ਕਰਕੇ ਅਣਖ ਗਵਾ ਰਹੇ ਲੋਕਾਂ ਨੂੰ ਝੰਝੋੜਦਿਆਂ ਸਮਝਾਇਆ ਕਿ ਜੇਕਰ ਅਣਖ ਇਜ਼ਤ ਗਵਾ ਕੇ ਖਾਣ ਪੀਣ ਰਹਿਣ ਸਹਿਣ ਨੂੰ ਖੂਬ ਮਿਲਦਾ ਹੈ ਤਾਂ ਇਹ ਸਭ ਹਰਾਮ ਹੈ ਕਿਸੇ ਕੰਮ


**www.sanvad.org**
ISSN : 2395-1273

ਦਾ ਨਹੀਂ: *ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥* (ਪੰਨਾ 13)। ਇਜ਼ਤ ਦੀ ਰੁੱਖੀ-ਸੁੱਖੀ ਵੀ ਦੁੱਧ ਸਮਾਨ ਨਿਰਮਲ ਹੁੰਦੀ ਹੈ। ਆਪ ਨੇ ਦ੍ਰਿੜ੍ਹ ਕਰਵਾਇਆ ਕਿ ਸੂਰਮਿਆਂ ਦੀ ਮੌਤ ਮਰਨ ਨਾਲ ਮਨੁੱਖ ਰੱਬੀ ਦਰਗਹ ਵਿਚ ਕਬੂਲ ਹੁੰਦਾ ਹੈ: *ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥* (ਪੰਨਾ 142)। ਸਰਬੱਤ ਦੇ ਭਲੇ ਲਈ ਸੂਰਮਗਤੀ ਦੀ ਮੰਜ਼ਿਲ ਉੱਪਰ ਪੁੱਜਣ ਲਈ ਰੱਬੀ ਪ੍ਰੇਮ ਵਿਚ ਆਪਣਾ ਸਿਰ ਤਲੀ ’ਤੇ ਟਿਕਾਉਣਾ ਪੈਂਦਾ ਹੈ: *ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥ ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥* (ਪੰਨਾ 1412) ਗੁਰੂ ਨਾਨਕ ਸਾਹਿਬ ਨੇ ਆਪਣੇ ਪਾਵਨ ਬੋਲਾਂ ਰਾਹੀਂ ਮਨੁੱਖਤਾ ਨੂੰ ਹੱਕ ਸੱਚ ਦੇ ਰਾਹ ਉਪਰ ਦ੍ਰਿੜ੍ਹ ਰਹਿਣ ਦਾ ਰਾਹ ਰੁਸ਼ਨਾਇਆ।

ਗੁਰੂ ਨਾਨਕ ਦੇਵ ਜੀ ਨੇ ਸਭਨਾਂ ਵਿਚੋਂ ਇਕ ਕਰਤਾਰ ਦੀ ਜੋਤਿ ਨੂੰ ਤੱਕਣ ਦੀ ਤਾਕੀਦ ਕੀਤੀ: *ਸਭ ਮਹਿ ਜੋਤਿ ਜੋਤਿ ਹੈ ਸੋਇ ॥* (ਪੰਨਾ 13)। ਗੁਰੂ ਨਾਨਕ ਸਾਹਿਬ ਨੇ ਨਿਮਾਣਿਆਂ ਨਿਤਾਣਿਆਂ ਦੀ ਬਾਂਹ ਫੜੀ ਅਤੇ ਰਾਜਿਆਂ ਰਾਣਿਆਂ ਨੂੰ ਵੀ ਨਿਆਂ ਦਾ ਸਬਕ ਪੜ੍ਹਾਇਆ। ਰਾਜਾ ਰੰਕ ਬਰਾਬਰੀ ਦੀ ਬਾਤ ਚਲਾਈ। ਜਾਤ ਪਾਤ ਦੀਆਂ ਬਨਾਵਟਾਂ ਤੋਂ ਉੱਪਰ ਉੱਠ ਕੇ ਸਭ ਅੰਦਰ ਇਕੋ ਵਰਤ ਰਹੇ ਅਕਾਲ ਪੁਰਖ ਨੂੰ ਪਛਾਣਨ ਦਾ ਉਪਦੇਸ਼ ਦਿਤਾ: ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ ॥ (ਪੰਨਾ 349)। ਗੁਰੂ ਸਾਹਿਬ ਨੇ ਆਪਣੇ ਆਪ ਨੂੰ ਨੀਵਿਆਂ ਤੋਂ ਨੀਵਾਂ ਦਰਸਾ ਕੇ ਦੱਬੀਆਂ ਕੁਚਲੀਆਂ ਧਿਰਾਂ ਦਾ ਸਾਥ ਦਿਤਾ ਅਤੇ ਅਜਿਹਾ ਕਰਨ ਨਾਲ ਰੱਬ ਦੀ ਮਿਹਰ ਬਖਸ਼ਿਸ਼ਾਂ ਦੇ ਪਾਤਰ ਬਣਨ ਦਾ ਹੋਕਾ ਦਿਤਾ : *ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥* (ਪੰਨਾ 15) ਗੁਰੂ ਨਾਨਕ ਜੀ ਦੀ ਉੱਚੀ ਖਸਲਤ ਪ੍ਰਗਟ ਕਰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ, “ਸੰਸਾਰ ਅੰਦਰ ਜੋ ਉੱਚੀ ਤੋਂ ਉੱਚੀ ਸੁੰਦਰਤਾ, ਮਿਠਾਸ ਮਧੁਰਤਾ, ਨਿਮ੍ਰਤਾ, ਦਯਾ ਭਾਵ, ਪਰ ਪੀੜਾ ਨਵਿਰਤ ਕਰਨ ਲਈ ਆਪਣਾ ਤਨ ਮਨ ਧਨ ਨਿਛਾਵਰ ਕਰਨ ਦਾ ਸ਼ੁਭ ਕੁਰਬਾਨੀ ਕਰਨ ਵਾਲਾ ਭਾਵ, ਨਿਰੰਕਾਰੀ ਪ੍ਰੇਮ ਰਸ ਵਿਚ ਲਿਵਲੀਨ ਰਹਿਣਾ, ਅਨਾਥਾਂ, ਨੀਚਾਂ, ਨਿਮਾਣਿਆਂ ਤੇ ਗਰੀਬਾਂ ਨੂੰ ਘੁਟ ਕੇ ਛਾਤੀ ਨਾਲ ਲਾਣਾ ਆਦਿ ਦੇ ਜੋ ਉੱਚੇ ਤੋਂ ਉੱਚੇ ਪਵਿਤ੍ਰ ਗੁਣ ਹਨ, ਸ੍ਰੀ ਗੁਰੂ ਜੀ ਉਨ੍ਹਾਂ ਸਭ ਗੁਣਾਂ ਦਾ ਸ੍ਵਰੂਪ ਸਨ”। (ਪੰਨਾ 82) ਗੁਰੂ ਨਾਨਕ ਦੇਵ ਜੀ ਨੇ ਸਿੱਖ ਜਗਤ ਅੰਦਰ ਸੰਗਤ ਤੇ ਧਰਮਸਾਲ ਦੇ ਅਸੂਲਾਂ ਵਿਚ ਇਨ੍ਹਾਂ ਗੱਲਾਂ ਨੂੰ ਪਰਪੱਕ ਕੀਤਾ ਕਿ ਗੁਰਮਤਿ ਦੇ ਪਾਂਧੀ ਬਣਨ ਲਈ ਮਨ ਵਿਚ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ। ਅਜੋਕੇ ਸਮੇਂ ਅੰਦਰ ਗੁਰਮਤਿ ਦੇ ਇਨ੍ਹਾਂ ਸੁਨਹਿਰੀ ਅਸੂਲਾਂ ਨੂੰ ਖੋਰਾ ਲਾਉਣ ਲਈ ਕਈ ਲੋਕ ਲਾਲਚ ਵਸ ਜਾਂ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਭਾਂਤ ਭਾਂਤ ਦੇ ਆਡੰਬਰ ਰਚ ਕੇ ਗੁਰੂ ਘਰ ਨਾਲ ਧ੍ਰੋਹ ਕਮਾ ਰਹੇ ਹਨ, ਇਹ ਬਹੁਤ ਹੋਛੇ ਕਰਮ ਹਨ। ਗੁਰੂ ਨਾਨਕ ਦੇਵ ਜੀ ਨੇ ਜ਼ਬਾਨੀ ਕਲਾਮੀ ਗੱਲਾਂ ਕਰਨ ਨਾਲੋਂ ਕਰਨੀ ਨੂੰ ਪ੍ਰਧਾਨਤਾ ਦਿਤੀ। ਜਿਥੇ ਅਮਲ ਪੂਰੇ ਹਨ ਉਥੇ ਹੀ ਚੰਗੀ ਸੋਚ ਸਫਲ ਹੈ, ਜਿਥੇ ਕਰਨੀ ਊਣੀ ਹੈ ਉਥੇ ਚੰਗੇ ਫਲਸਫੇ ਵੀ ਅਸਫਲ ਹੋ ਜਾਂਦੇ ਹਨ: *ਜਹ ਕਰਣੀ ਤਹ ਪੂਰੀ ਮਤਿ॥ ਕਰਣੀ ਬਾਝਹੁ ਘਟੇ ਘਟਿ॥* (ਪੰਨਾ 25) ਭਾਈ ਜੋਧ ਸਿੰਘ ਗੁਰੂ ਸਾਹਿਬ ਦੀ ਕਰਨੀ ਪ੍ਰਧਾਨ ਵਿਚਾਰਧਾਰਾ ਦੀ ਵਿਆਖਿਆ ਕਰਦੇ ਲਿਖਦੇ ਹਨ ਕਿ “ਨਿਰਾ ਇਹ ਕਹਿਣਾ ਕਿ ਮੈਂ ਫਲਾਣੇ ਨਬੀ ਜਾਂ ਅਵਤਾਰ ਤੇ ਯਕੀਨ ਰਖਦਾ ਹਾਂ, ਕੁਝ ਨਹੀਂ ਸੰਵਾਰ ਸਕਦਾ, ਜਦ ਤੀਕ ਸਾਰੇ ਅਮਲ ਉਸ ਦੇ ਕਹੇ ਅਨੁਸਾਰ ਨਾ ਹੋਣ।” (ਪੰਨਾ xiii)

ਗੁਰੂ ਨਾਨਕ ਦੇਵ ਜੀ ਜੀਵ ਨੂੰ ਕਰਤੇ ਦੀਆਂ ਅਨੰਤ ਸਿਫਤਾਂ ਨਾਲ ਜੋੜਦੇ ਹਨ। ਉਹ ਖੁਦ ਕਰਤਾਰ ਰੂਪ ਮਨੁੱਖੀ ਜਾਮੇ ਵਿਚ ਕਰਤੇ ਦੀ ਕੁਦਰਤਿ ਦੇ ਰੰਗਾਂ ਨੂੰ ਵੇਖ ਕੇ ਵਿਸਮਾਦਿਤ ਹੁੰਦੇ ਸਨ ਅਤੇ ਆਪਣੀ ਬਾਣੀ ਰਾਹੀਂ ਸਿੱਖਾਂ ਨੂੰ ਉਸ ਦਾ ਸਦੀਵ ਸੁਆਦ ਚਖਾਉਂਦੇ ਹਨ। “ਗਗਨ ਮੈ ਥਾਲੁ” ਵਿਚ ਸੂਰਜ, ਚੰਨ ਤੇ ਤਾਰਿਆਂ ਦੇ ਮੰਡਲ ਆਦਿ ਤਕ ਕੇ ਸੀਮਾਵਾਂ ਵਿਚ ਘਿਰੇ ਇਨਸਾਨ ‘ਗੁਰ ਸਾਖੀ’ ਦੁਆਰਾ ਸਭ ਵਿਚ ਪਸਰੇ ਚਾਨਣ ਰੂਪ ਨੂੰ ਵੇਖਣ ਲਈ ਰਮਜ਼ਾਂ ਦਿੰਦੇ ਹਨ। ਉਹ ਦੁਨੀਆਂ ਨਾਲੋਂ ਅਸਚਰਜ ‘ਹੇਰਿਓ ਗੰਗ’ ਵਹਾਉਂਦੇ ਹਨ ਅਬਲਾ ਨੂੰ ਰਾਜਿਆਂ ਦੀ ਜਨਨੀ ਆਖ ਕੇ ਆਦਰ ਦਿੰਦੇ ਹਨ, ਤ੍ਰਿਸਕਾਰਿਆਂ ਨੂੰ ਸੰਗੀ ਬਣਾਉਂਦੇ ਹਨ ਅਤੇ ਪੁੱਤਰਾਂ ਦੀ ਥਾਂ ਸੇਵਕ ਨੂੰ ਨਮਸਕਾਰਦੇ ਹਨ। ਭਾਈ ਬਲਵੰਡ ਤੇ ਸੱਤੇ ਅਨੁਸਾਰ ਗੁਰੂ ਨਾਨਕ ਜੀ ਨੇ ਸੱਚ ਰਾਜ ਦੀ ਨੀਂਹ ਰਖੀ : *ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥* (966)। ਗੁਰੂ ਨਾਨਕ ਦੇ ਸੱਚ ਰਾਜ ਦਾ ਫੈਲਾਅ ਹੁਣ ਵਿਸ਼ਵ ਭਰ ਵਿਚ ਬੁਲੰਦੀਆਂ ਛੂਹ ਰਿਹਾ ਹੈ। ਉਹ ਰੱਕੜਾਂ ਵਿਚ ਹਰਿਆਵਲ ਲਿਆ ਰਿਹਾ ਹੈ, ਕਿਰਤੀਆਂ ਨੂੰ ਸਰਦਾਰ ਬਣਾ ਰਿਹਾ ਹੈ, ਮਜ਼ਲੂਮਾਂ ਦੀ ਬਾਂਹ ਫੜ ਰਿਹਾ ਹੈ, ਡੁਬਦਿਆਂ ਦੀ ਆਸ ਬਣ ਰਿਹਾ ਹੈ, ਜੰਗਾਂ ਆਫਤਾਂ ਵਿਚ ਤਬਾਹ ਹੋ ਰਹੇ ਲੋਕਾਂ ਨੂੰ ਮੁੜ-ਜੀਵਨ ਦੇ ਰਿਹਾ ਹੈ।

**ਸਹਾਇਕ ਪੁਸਤਕਾਂ**


1. ਹਰਬੰਸ ਸਿੰਘ, **ਸਾਡਾ ਵਿਰਸਾ**, ਨਵਯੁਗ ਪਬਲਿਸ਼ਰਜ਼, ਦਿੱਲੀ, 1997.
2. ਜਸਬੀਰ ਸਿੰਘ ਆਹਲੂਵਾਲੀਆ, **ਸਿੱਖ ਚਿੰਤਨ : ਦਾਰਸ਼ਨਿਕ ਅਤੇ ਸੰਸਥਗਤ ਵਿਕਾਸ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 1999.
3. ਜਸਵੰਤ ਸਿੰਘ ਨੇਕੀ, **ਹਉਮੈ ਤੋਂ 'ਤੂੰ ਹੀ'** ਵੱਲ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016.
4. ਜਗਜੀਤ ਸਿੰਘ, **ਸਿੱਖ ਇਨਕਲਾਬ**, ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰ.ਕ), ਸ੍ਰੀ ਅੰਮ੍ਰਿਤਸਰ, 2021.
5. ਜੋਧ ਸਿੰਘ (ਭਾਈ), ਸੰਪਾ., **ਗੁਰੂ ਨਾਨਕ ਬਾਣੀ**, ਨੈਸ਼ਨਲ ਬੁਕ ਟਰੱਸਟ, ਨਵੀਂ ਦਿੱਲੀ, 2019.
6. ਭਗਤ ਸਿੰਘ ਵੇਦੀ, **ਜਪੁਜੀ-ਚਿੰਤਨ**, ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ, 2016.
7. ਰਵਿੰਦਰ ਕੌਰ ਰਵੀ (ਸੰਪਾ.), **ਬਿਖਰੇ ਮੋਤੀ** (ਭਾਈ ਕਾਨ੍ਹ ਸਿੰਘ ਨਾਭਾ ਦੇ ਨਿਬੰਧ), ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, 2024.
8. ਰਾਮ ਸਿੰਘ, ਜਪੁਜੀ ਦਾ ਵਿਸ਼ਾ ਤੇ ਰੂਪ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 1969.


✧